# ਨਗਰ ਨਿਗਮ, ਬਠਿੰਡਾ।

## ਕਾਰਵਾਈਜਨਰਲ ਹਾਊਸ ਦੀ ਮੀਟਿੰਗ ਮਿਤੀ 08.08.2016 ਨੂੰ ਸਵੇਰੇ 11.00 ਵਜੇ

ਅੱਜ ਮਿਤੀ 08.08.2016ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 17 | ਦਰਸ਼ਨ ਕੁਮਾਰ | 20 | ਕੌਂਸਲਰ |
| 18 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 19 | ਕਮਲੇਸ਼ ਰਾਣੀ | 23 | ਕੌਂਸਲਰ |
| 20 | ਪ੍ਰਿਯਕਾ ਗੋਇਲ | 24 | ਕੌਂਸਲਰ |
| 21 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 22 | ਦਰਸ਼ਨਾ ਰਾਣੀ | 26 | ਕੌਂਸਲਰ |
| 23 | ਰਾਜ ਕੁਮਾਰ | 27 | ਕੌਂਸਲਰ |
| 24 | ਨੀਲਾਮ ਰਾਣੀ ਜਿੰਦਲ | 28 | ਕੌਂਸਲਰ |
| 25 | ਤਰਲੋਚ ਸਿੰਘ | 29 | ਕੌਂਸਲਰ |
| 26 | ਰਾਮ ਦਾਸ | 30 | ਕੌਂਸਲਰ |
| 27 | ਪ੍ਰੀਤਮ ਕੌਰ | 31 | ਕੌਂਸਲਰ |
| 28 | ਸ਼ਾਮ ਲਾਲ ਜੈਨ | 32 | ਕੌਂਸਲਰ |
| 29 | ਕਰਮਜੀਤ ਕੌਰ | 34 | ਕੌਂਸਲਰ |
| 30 | ਸ਼ੰਜੇ | 35 | ਕੌਂਸਲਰ |
| 31 | ਜੁਗਰਾਜ ਸਿੰਘ | 36 | ਕੌਂਸਲਰ |
| 32 | ਹਰਜਿੰਦਰ ਸਿੰਘ | 37 | ਕੌਂਸਲਰ |
| 33 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 34 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 35 | ਛਿੰਦਰ ਕੌਰ | 40 | ਕੌਂਸਲਰ |
| 36 | ਅੰਜਨਾ ਰਾਣੀ | 41 | ਕੌਂਸਲਰ |
| 37 | ਪ੍ਰਦੀਪ ਗੋਇਲ | 42 | ਕੌਂਸਲਰ |
| 38 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 39 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 40 | ਸੁਖਵਿੰਦਰ ਕੌਰ | 45 | ਕੌਂਸਲਰ |
| 41 | ਹਰਵਿੰਦਰ ਕੁਮਾਰ | 46 | ਕੌਂਸਲਰ |
| 42 | ਨਿਰਮਲ ਕੌਰ | 47 | ਕੌਂਸਲਰ |
| 43 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਰਾਮ ਦਾਸ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪੁਰਾਣੀਆਂ ਪਾਈਪਾਂ ਨੂੰ ਬਦਲਿਆ ਜਾਵੇ। ਉਹਨਾਂ ਕਿਹਾ ਕਿ ਅਫੀਮ ਵਾਲੀ ਗਲੀ ਵਿੱਚ ਇਸ ਸਬੰਧੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ 100% ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਦੇਣ ਖਾਤਰ ਜੋ ਠੇਕਾ ਤ੍ਰਿਵੇਣੀ ਕੰਪਨੀ ਨੂੰ ਦਿੱਤਾ ਗਿਆ ਹੈ, ਇਸ ਸਬੰਧੀ ਕੰਪਨੀ ਵੱਲੋਂ ਕੰਮ ਨਹੀਂ ਕੀਤਾ ਜਾ ਰਿਹਾ। ਗਲੀਆਂ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਉਣ ਲਈ ਥਾਂ-ਥਾਂ ਤੋਂ ਪੁੱਟ ਦਿੱਤਾ ਗਿਆ ਹੈ। ਕੰਪਨੀ ਵੱਲੋਂ ਨਵੇਂ ਅਤੇ ਪੁਰਾਣੇ ਪਾਣੀ ਅਤੇ ਸੀਵਰੇਜ਼ ਦਾ ਕੰਮ ਕੀਤਾ ਜਾਣਾ ਹੈ। ਲਗਭਗ ਇੱਕ ਸਾਲ ਦਾ ਹੋ ਚੁੱਕਾ ਹੈ, ਪਰੰਤੂ ਕੰਪਨੀ ਵੱਲੋਂ ਕੋਈ ਵੀ ਕੰਮ ਤਸੱਲੀਬਖਸ਼ ਨਹੀਂ ਕੀਤਾ ਗਿਆ। ਇਹਨਾਂ ਵੱਲੋਂ ਰੋਡ ਜਾਲੀਆਂ ਸਾਫ ਨਹੀਂ ਕੀਤੀਆਂ ਜਾਂਦੀਆਂ ਅਤੇ ਨਾ ਹੀ ਡੀ-ਸਿਲਟਿੰਗ ਕੀਤੀ ਜਾ ਰਹੀ ਹੈ। ਇਹ ਕੰਮ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਜਾਣਾ ਸੀ, ਜਦਕਿ ਅਜੇ ਤੱਕ ਕੰਮ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਮਿਤੀ 29.06.2016 ਨੂੰ ਉਹਨਾਂ ਵੱਲੋਂ ਡੀ-ਸਿਲਟਿੰਗ ਕਰਵਾਉਣ ਲਈ ਪੱਤਰ ਦਿੱਤਾ ਗਿਆ ਸੀ। ਪਰੰਤੂ ਅਜੇ ਤੱਕ ਕੰਮ ਨਹੀਂ ਕੀਤਾ ਗਿਆ। ਇਸ ਨਾਲ ਉਹਨਾਂ ਦੇ ਏਰੀਏ ਦੇ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਸੀਵਰੇਜ਼ ਬੋਰਡ ਵੱਲੋ ਕੰਮ ਕਰਨ ਸਬੰਧੀ ਲਿਖਤੀ ਰੂਪ ਵਿੱਚ ਜਵਾਬ ਦਿੱਤਾ ਜਾਵੇ। ਸਮੁੱਚੇ ਹਾਊਸ ਵੱਲੋਂ ਇਸ ਗੱਲ ਦਾ ਸਮੱਰਥਨ ਕੀਤਾ ਗਿਆ।

ਕਈ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਉਹਨਾਂ ਵੱਲੋਂ ਪਾਣੀ ਅਤੇ ਸੀਵਰੇਜ਼ ਸਬੰਧੀ ਸ਼ਿਕਾਇਤ ਦਰਜ਼ ਕਰਵਾਉਣ ਖਾਤਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਤ੍ਰਿਵੇਣੀ ਕੰਪਨੀ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਟੈਲੀਫੋਨ ਕੀਤਾ ਜਾਂਦਾ ਹੈ ਤਾਂ ਇਹਨਾਂ ਵੱਲੋਂ ਟੈਲੀਫੋਨ ਚੁੱਕਿਆ ਨਹੀਂ ਜਾਂਦਾ। ਇਸ ਨਾਲ ਉਹਨਾਂ ਨੂੰ ਆਪਣੇ ਇਲਾਕਿਆਂ ਵਿੱਚ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਭੱਵਿਖ ਵਿੱਚ ਅਜਿਹਾ ਨਹੀਂ ਹੋਣਾ ਚਾਹੀਦਾ। ਸਮੂੱਹ ਕੌਂਸਲਰ ਸਾਹਿਬਾਨ ਨੂੰ ਬਣਦਾ ਮਾਨ-ਸਨਮਾਨ ਦਿੱਤਾ ਜਾਵੇ।

ਸ੍ਰੀ ਸੁਖਦੇਵ ਸਿੰਘ ਬਰਾੜ, ਸ੍ਰੀ ਸ਼ਾਮ ਲਾਲ ਜੈਨ, ਸ੍ਰੀ ਹਰਜਿੰਦਰ ਸਿੰਘ ਟੋਨੀ, ਸ੍ਰੀ ਪ੍ਰਦੀਪ ਗੋਇਲ, ਸ੍ਰੀ ਅਸ਼ੇਸ਼ਰ ਪਾਸਵਾਨ, ਸ੍ਰੀ ਹਰਵਿੰਦਰ ਸ਼ਰਮਾ ਅਤੇ ਹੋਰ ਕਈ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਅਸੀ ਤ੍ਰਿਵੇਣੀ ਕੰਪਨੀ ਤੋਂ ਬਹੁਤ ਜਿਆਦਾ ਤੰਗ ਹਾਂ। ਉਹਨਾਂ ਕਿਹਾ ਕਿ ਜਲਦ ਤੋਂ ਜਲਦ ਤ੍ਰਿਵੇਣੀ ਕੰਪਨੀ ਨੂੰ ਹਟਾਇਆ ਜਾਵੇ। ਉਹਨਾਂ ਮੰਗ ਕੀਤੀ ਕਿ ਤ੍ਰਿਵੇਣੀ ਕੰਪਨੀ ਵੱਲੋਂ ਸ਼ੁਰੂ ਕੀਤੇ ਗਏ ਕੰਮ ਅਧੂਰੇ ਪਏ ਹਨ। ਉਹਨਾਂ ਵੱਲੋਂ ਡੀ-ਸਿਲਟਿੰਗ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਪਲੱਗ ਖੋਲੇ ਜਾ ਰਹੇ ਹਨ। ਉਹਨਾਂ ਇਹ ਵੀ ਮੰਗ ਕੀਤੀ ਕਿ ਜੋ 288.00 ਕਰੋੜ੍ਹ ਰੁਪਏ ਦੇ ਕੰਮ ਤ੍ਰਿਵੇਣੀ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ, ਉਸ ਵਿੱਚੋਂ ਕੰਪਨੀ ਵੱਲੋਂ ਅੱਜ ਤੱਕ ਕਿੰਨਾਂ ਕੰਮ ਅਤੇ ਕਿੰਨੇ ਰੁਪਏ ਦਾ ਕੰਮ ਕੀਤਾ ਗਿਆ ਹੈ, ਬਾਰੇ ਵੀ ਦਸਿਆ ਜਾਵੇ।

ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਮਿਸ਼ਨਰ ਸਾਹਿਬ ਨੂੰ ਬੇਨਤੀ ਕੀਤੀ ਕਿ ਅਸੀ ਠੇਕੇਦਾਰ ਜਾਂ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਕੰਮ ਬਾਰੇ ਨਹੀਂ ਕਹਿਣਾ।ਅਸੀ ਸਿਰਫ ਨਗਰ ਨਿਗਮ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਹੀ ਕੰਮ ਬਾਰੇ ਕਹੀਏ। ਉਹਨਾਂ ਵੀ ਧਿਆਨ ਵਿੱਚ ਲਿਆਂਦਾ ਕਿ ਪਾਣੀ ਅਤੇ ਸੀਵਰੇਜ਼ ਸਬੰਧੀ ਮੈਨਟੀਨੈਂਸ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਸਾਨੂੰ ਜਿਸ ਜਗ੍ਹਾ ਆਬਾਦੀ ਜਿਆਦਾ ਹੈ, ਉਸ ਜਗ੍ਹਾ ਤੇ ਕੰਮ ਪਹਿਲ ਦੇ ਆਧਾਰ ਤੇ ਕਰਵਾਉਣਾ ਚਾਹੀਦਾ ਹੈ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਸੁਭਾਸ਼ ਬਸਤੀ ਵਿੱਚ ਸੀਵਰੇਜ਼ ਬੋਰਡ ਦੇ ਕਰਮਚਾਰੀਆਂ/ ਸੀਵਰਮੈਨਾਂ ਵੱਲੋਂ ਸੀਵਰ ਖੋਲਣ ਸਮੇਂ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਵੱਲੋਂ ਵਿਘਨ ਪਾਇਆ ਗਿਆ। ਉਹਨਾਂ ਕਿਹਾ ਕਿ ਇਸ ਸਬੰਧੀ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਇਆ ਜਾਵੇ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਮੰਨਿਆ ਕਿ ਸਮੁੱਚੇ ਹਾਊਸ ਵੱਲੋਂ ਜੋ ਤ੍ਰਿਵੇਣੀ ਕੰਪਨੀ ਸਬੰਧੀ ਕਿਹਾ ਗਿਆ ਹੈ, ਉਹ ਬਿਲਕੁੱਲ ਸਹੀ ਹੈ। ਉਹਨਾਂ ਕਿਹਾ ਕਿ ਗਰਾਊਂਡ ਲੇਵਲ ਤੇ ਬਿਲਕੁੱਲ ਕੰਮ ਨਹੀਂ ਹੋ ਰਿਹਾ। ਉਹਨਾਂ ਦਸਿਆ ਕਿ ਤ੍ਰਿਵੇਣੀ ਕੰਪਨੀ ਤੋਂ ਕੰਮ ਕਰਵਾਉਣ ਸਬੰਧੀ ਪਹਿਲਾਂ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਜੋ ਕੰਮ ਪਹਿਲਾਂ ਕੰਮ ਸ਼ੁਰੂ ਕੀਤੇ ਗਏ ਹਨ, ਉਹਨਾਂ ਨੂੰ ਪਹਿਲਾਂ ਖਤਮ ਕੀਤਾ ਜਾਵੇ। ਇਸ ਉਪਰੰਤ ਹੀ ਨਵੇਂ ਕੰਮ ਕੀਤੇ ਜਾਣ। ਓ.ਐਂਡ ਐਮ ਸਬੰਧੀ ਉਹਨਾਂ ਦਸਿਆ ਕਿ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਵੱਲੋਂ ਕੰਮ ਦੀ efficiency ਪੂਰੀ ਕਰਨ ਬਾਰੇ ਪੁੱਛਿਆ ਗਿਆ ਸੀ। ਉਹਨਾਂ ਕਿਹਾ ਕਿ ਜੇਕਰ ਕਿਸੇ ਸ਼ਿਕਾਇਤ ਦਾ ਨਿਪਟਾਰਾ 24 ਘੰਟਿਆ ਵਿੱਚ ਨਹੀਂ ਕੀਤਾ ਜਾਂਦਾ, ਤਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਨੋਟਿਸ ਦੇ ਕੇ ਕੰਮ ਕਰਵਾਏਗੀ ਅਤੇ ਕੰਪਨੀ ਪਾਸੋਂ ਡਬਲ ਅਦਾਇਗੀ ਦਾ ਜੁਰਮਾਨਾ ਵਸੂਲ ਕਰੇਗੀ। ਉਹਨਾਂ ਕਿਹਾ ਕਿ ਮੈਨਟੀਨੈਂਸ ਦੇ ਕੰਮਾਂ ਨੂੰ ਛੱਡ ਕੇ ਜਿਸ ਕੌਂਸਲਰ ਸਾਹਿਬਾਨ ਨੇ ਪਾਣੀ ਅਤੇ ਸੀਵਰੇਜ਼ ਸਬੰਧੀ ਕੋਈ ਵੀ ਨਵਾਂ ਕੰਮ ਕਰਵਾਉਣਾ ਹੈ ਤਾਂ ਇਸ ਸਬੰਧੀ ਲਿਖਤੀ ਰੂਪ ਵਿੱਚ ਮੇਅਰ ਸਾਹਿਬ, ਕਮਿਸ਼ਨਰ ਸਾਹਿਬ, ਸੰਯੁਕਤ ਕਮਿਸ਼ਨਰ ਜਾਂ ਸ਼੍ਰੀ ਕਿਸ਼ੋਰ ਚੰਦ ਬਾਂਸਲ, ਨਿਗਮ ਇੰਜੀਨੀਅਰ ਨੂੰ ਲਿਖ ਕੇ ਦਿੱਤਾ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਵੀ ਉਹਨਾਂ ਦੇ ਏਰੀਏ ਵਿੱਚ ਆ ਰਹੀ ਪਾਣੀ ਅਤੇ ਸੀਵਰੇਜ਼ ਦੀ ਸਮੱਸਿਆ ਬਾਰੇ ਜਾਣੂ ਕਰਵਾਇਆ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਉਹਨਾਂ ਦੇ ਏਰੀਏ ਵਿੱਚ ਪਾਣੀ ਦੀ ਸਪਲਾਈ ਲਈ ਨਵੀਂ ਬਣੀ ਟੈਂਕੀ ਦਾ ਉਦਘਾਟਨ ਲਗਭਗ ਤਿੰਨ ਮਹੀਨੇ ਪਹਿਲਾਂ ਕੀਤਾ ਜਾ ਚੁੱਕਾ ਹੈ, ਜਦਕਿ ਪਾਣੀ ਦੀ ਸਪਲਾਈ ਅਜੇ ਤੱਕ ਨਹੀਂ ਦਿੱਤੀ ਗਈ। ਉਹਨਾਂ ਕਿਹਾ ਕਿ ਕਈ ਥਾਂਈਂ ਪਾਈਪਾਂ ਜਾਂ ਤਾਂ ਗੱਲ ਚੁੱਕੀਆਂ ਹਨ ਜਾਂ ਲੀਕ ਹੋ ਰਹੀਆਂ ਹਨ। ਇਸ ਨਾਲ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਵਾਟਰ ਸਪਲਾਈ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਏਰੀਏ ਵਿੱਚ ਲੋੜੀਂਦਾ ਕੰਮ ਜਲਦ ਤੋ ਜਲਦ ਪੂਰਾ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਰਾਹਤ ਦਿੱਤੀ ਜਾ ਸਕੇ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਤ੍ਰਿਵੇਣੀ ਕੰਪਨੀ ਨਾਲ ਹੋਏ ਇਕਰਾਰਨਾਮੇ ਵਿੱਚ ਸੁਪਰ ਸਕੱਰ ਮਸ਼ੀਨ ਦੀ ਪ੍ਰੋਵੀਜ਼ਨ ਹੈ ਤਾਂ ਜਲਦ ਤੋਂ ਜਲਦ ਮਸ਼ੀਨ ਲਿਆਉਣ ਦਾ ਇੰਤਜ਼ਾਮ ਕੀਤਾ ਜਾਵੇ। ਜੇਕਰ ਪ੍ਰੋਵੀਜ਼ਨ ਹੋਣ ਦੇ ਬਾਵਜੂਦ ਕੰਪਨੀ ਵੱਲੋਂ ਮਸ਼ੀਨ ਨਹੀਂ ਲਿਆਂਦੀ ਜਾਂਦੀ ਤਾਂ ਸੀਵਰੇਜ਼ ਬੋਰਡ ਆਪਣੇ ਪੱਧਰ ਤੇ ਮਸ਼ੀਨ ਦਾ ਇੰਤਜ਼ਾਮ ਕਰੇ ਅਤੇ ਇਸ ਸਬੰਧੀ ਬਣਦੀ ਲਾਗਤ ਤ੍ਰਿਵੇਣੀ ਕੰਪਨੀ ਨੂੰ ਦੇਣ ਵਾਲੀ ਅਦਾਇਗੀ ਵਿੱਚੋਂ ਕੱਟ ਲਈ ਜਾਵੇ।

ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ ਨੇ ਕਿਹਾ ਕਿ ਹਾਜ਼ੀ ਰਤਨ ਰੋਡ ਤੇ ਬਹੁਤ ਵੱਡੇ-ਵੱਡੇ ਖੱਡੇ ਪੈ ਚੁੱਕੇ ਹਨ। ਉਹਨਾਂ ਇਹ ਵੀ ਦਸਿਆ ਕਿ ਇਸ ਜਗ੍ਹਾ ਬਣੇ ਪਾਰਕ ਨੂੰ ਛੋਟਾ ਕਰਕੇ ਚੌਂਕ ਬਣਾਇਆ ਜਾਵੇ, ਤਾਂ ਜੋ ਰੋਜ਼ਾਨਾ ਹੋਣ ਵਾਲੇ ਐਕਸੀਡੈਂਟਾਂ ਤੋਂ ਬੱਚਿਆ ਜਾ ਸਕੇ। ਉਹਨਾਂ ਇਹ ਵੀ ਦਸਿਆ ਕਿ ਇਸ ਜਗ੍ਹਾ ਪਾਣੀ ਦੀ ਲੀਕੇਜ਼ ਹੋਣ ਬਾਰੇ

ਕਈ ਵਾਰ ਸ਼ਿਕਾਇਤ ਕੀਤੀ ਗਈ ਹੈ, ਪਰੰਤੂ ਤ੍ਰਿਵੇਣੀ ਕੰਪਨੀ ਵੱਲੋਂ ਅਜੇ ਤੱਕ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਗਿਆ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਵਾਟਰ ਸਪਲਾਈ ਦੇ ਅਧਿਕਾਰੀਆਂ ਨੂੰ ਉਕਤ ਸਮੱਸਿਆ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਦੀ ਹਦਾਇਤ ਕੀਤੀ। ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਦੀ ਸਮੱਸਿਆ ਦੇ ਹੱਲ ਲਈ ਇੱਕ ਓ.ਐਂਡ ਐਮ. ਸੈਲ ਦੀ ਸਥਾਪਨਾ ਕੀਤੀ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜਨਰਲ ਹਾਊਸ ਦੀ ਮੀਟਿੰਗ ਦੋਰਾਨ ਕਿਸੇ ਵੀ ਬਾਹਰ ਦੇ ਵਿਅਕਤੀ ਨੂੰ ਅੰਦਰ ਨਾ ਆਉਣ ਦਿੱਤਾ ਜਾਵੇ। ਇਸ ਨਾਲ ਹਾਊਸ ਦੀ ਮਰਿਆਦਾ ਭੰਗ ਹੁੰਦੀ ਹੈ। ਜੇਕਰ ਕਿਸੇ ਵੀ ਸ਼ਹਿਰਵਾਸੀ ਨੂੰ ਕੋਈ ਸਮੱਸਿਆ ਹੈ, ਤਾਂ ਇਸ ਸਬੰਧੀ ਉਹ ਮੀਟਿੰਗ ਤੋਂ ਪਹਿਲਾਂ ਜਾਂ ਬਾਅਦ ਵਿੱਚ ਮਿਲ ਸਕਦੇ ਹਨ ਅਤੇ ਉਹਨਾਂ ਦੀ ਸਮੱਸਿਆ ਦਾ ਹਰ ਸੰਭਵ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ। ਸਮੁੱਚੇ ਹਾਊਸ ਵੱਲੋਂ ਇਸਦੀ ਤਾਇਦ ਕੀਤੀ ਗਈ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਪੁੱਛਿਆ ਕਿ ਇਸ ਸਮੇਂ ਤ੍ਰਿਵੇਣੀ ਕੰਪਨੀ ਦੀਆਂ ਕਿੰਨੀਆਂ ਮੋਟਰਾਂ ਕੰਮ ਕਰ ਰਹੀਆਂ ਹਨ ਅਤੇ ਇਸ ਸਮੇਂ ਕਿੰਨੇ ਟਿਊਬਵੈਲ ਚੱਲ ਰਹੇ ਹਨ? ਉਹਨਾਂ ਕਿਹਾ ਜਦੋਂ ਕੋਈ ਮੋਟਰ ਖਰਾਬ ਹੋ ਜਾਂਦੀ ਹੈ ਤਾਂ ਉਸਦੀ ਜਗ੍ਹਾ ਸਟੈਂਡਬਾਈ ਮੋਟਰਾਂ ਦਾ ਇੰਤਜ਼ਾਮ ਕੀਤਾ ਜਾਵੇ, ਕਿਉਂ ਜੋ ਮੋਟਰਾਂ ਨਾ ਚਲਣ ਕਾਰਨ ਸਾਰਾ ਗੰਦਾ ਪਾਣੀ ਉਹਨਾਂ ਦੀ ਬਸਤੀ ਵਿੱਚ ਲੋਕਾਂ ਦੇ ਘਰਾਂ ਵਿੱਚ ਚਲਾ ਜਾਂਦਾ ਹੈ, ਜਿਸ ਨਾਲ ਲੋਕਾਂ ਵਿੱਚ ਰੋਸ ਪੈਦਾ ਹੁੰਦਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਵੱਖ-ਵੱਖ ਪਾਵਰ ਦੀਆ ਤਿੰਨ ਮੋਟਰਾਂ ਸਟੈਂਡਬਾਈ ਖਰੀਦ ਕਰ ਲਈਆਂ ਜਾਣ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਸੰਗੂਆਣਾ ਬਸਤੀ ਵਿਖੇ ਪੀਣ ਵਾਲਾ ਪਾਣੀ ਸੀਵਰ ਦੇ ਪਾਣੀ ਨਾਲ ਮਿਕਸ ਹੋ ਕੇ ਆ ਰਿਹਾ ਹੈ, ਜਿਸ ਨਾਲ ਲੋਕਾਂ ਵਿੱਚ ਬੀਮਾਰੀਆਂ ਵੱਧਣ ਦਾ ਖਤਰਾ ਪੈਦਾ ਹੋ ਗਿਆ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਨ ਬਾਰੇ ਹਦਾਇਤ ਕੀਤੀ।

ਸ਼੍ਰੀ ਹਰਜਿੰਦਰ ਸਿੰਘ ਟੋਨੀ, ਕੌਂਸਲਰ ਨੇ ਪੁੱਛਿਆ ਕਿ ਉਹਨਾਂ ਦੇ ਏਰੀਏ ਵਿੱਚੋਂ ਸੀਵਰੇਜ਼ ਦੇ ਪਲੱਗ ਕਿਸ ਵੱਲੋਂ ਖੋਲੇ ਜਾਣੇ ਹਨ? ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਨਿਗਮ ਵੱਲੋਂ ਕੂਲੈਕਟਿੰਗ ਟੈਂਕ ਬਣਾਏ ਜਾ ਰਹੇ ਹਨ। ਇਹਨਾਂ ਨੂੰ ਬਨਾਉਣ ਤੇ ਤਕਰੀਬਨ 1 ½ ਮਹੀਨੇ ਲੱਗ ਜਾਣਗੇ। ਟੈਂਕ ਬਣਨ ਤੋਂ ਬਾਅਦ ਸੀਵਰੇਜ਼ ਬੋਰਡ ਵੱਲੋਂ ਪਲੱਗ ਖੋਲ ਦਿੱਤੇ ਜਾਣਗੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਅਮਰਪੁਰਾ ਬਸਤੀ ਵਿਖੇ ਟੋਏ ਵਿੱਚ ਅਣਪਛਾਤੇ ਲੋਕਾਂ ਵੱਲੋਂ ਅਣਅਧਿਕਾਰਤ ਤੋਰ ਤੇ ਮਿੱਟੀ ਦੀ ਭਰਤ ਪਾ ਕੇ ਨਜਾਇਜ ਕਬਜਾ ਕੀਤਾ ਜਾ ਰਿਹਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਨਿਗਮ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਦੀ ਹਦਾਇਤ ਕੀਤੀ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦਾ ਇਲਾਕਾ ਬਹੁਤ ਨੀਵਾਂ ਹੈ। ਉਹਨਾਂ ਆਪਣੇ ਇਲਾਕੇ ਦੀਆ ਕਲਕਤਾ ਗਲੀ, ਆਰਿਆ ਨਗਰ ਅਤੇ ਅੰਨਪੂਰਨਾ ਮੰਦਿਰ ਦੇ ਸਾਹਮਣੇ ਵਾਲੀ ਗਲੀ ਵਿੱਚ ਡੀ-ਸਿਲਟਿੰਗ ਕਰਵਾਉਣ ਦੀ ਮੰਗ ਕੀਤੀ। ਉਹਨਾਂ ਅਮਰੀਕ ਸਿੰਘ ਰੋਡ ਤੇ ਪਾਈਪ ਪਾਉਣ ਨਾਲ ਇੱਕਠੀ ਹੋਈ ਮਿੱਟੀ ਚੁਕਵਾਉਣ ਦੀ ਵੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ 20 ਅਗਸਤ ਤੱਕ ਪਾਈਪ ਵਿੱਚੋਂ ਕੁਨੈਕਸ਼ਨ ਕਰ ਦਿੱਤੇ ਜਾਣਗੇ। ਇਸ ਉਪਰੰਤ ਸੜ੍ਹਕ ਬਨਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਟੀ.ਪੀ.ਸਕੀਮ 3 ਭਾਗ 1 ਵਿੱਚ ਪੈਂਦੀ ਜਗ੍ਹਾ ਤੇ ਬਣਾਈ ਸੜ੍ਹਕ ਵਿੱਚ ਜਿਸ ਵਿਅਕਤੀ ਵੱਲੋਂ ਮਾਨਯੋਗ ਕੋਰਟ ਵਿੱਚੋਂ ਕੇਸ ਜਿੱਤ ਕੇ ਮਕਾਨ ਦੀ ਉਸਾਰੀ ਕੀਤੀ ਜਾ ਰਹੀ ਹੈ, ਉਸਨੂੰ ਰੋਕਿਆ ਜਾਵੇ ਅਤੇ ਸਕੀਮ ਅਮੈਂਡ ਕਰਵਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਜੀ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਕੂਲੈਕਟਿੰਗ ਟੈਂਕ ਬਨਾਉਣ ਖਾਤਰ ਤਕਰੀਬਨ 10-15 ਵਾਰੀ ਕਾਰਜਕਾਰੀ ਇੰਜੀਨੀਅਰ, ਸੀਵਰੇਜ਼ ਬੋਰਡ ਨੂੰ ਨੋਟ ਕਰਵਾਇਆ ਸੀ। ਸੰਗੂਆਣਾ ਬਸਤੀ ਵਾਲਾ ਮਸਲਾ ਵੀ ਕਾਰਜਕਾਰੀ ਇੰਜੀਨੀਅਰ ਨੂੰ ਨੋਟ ਕਰਵਾਇਆ ਗਿਆ ਸੀ। ਪਰੰਤੂ ਇਹ ਆਮ ਦੇਖਣ ਵਿੱਚ ਆ ਰਿਹਾ ਹੈ ਕਿ ਪੰਜਾਬ ਸਰਕਾਰ ਦੀ ਪੁਜੀਸ਼ਨ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਵੱਲੋਂ ਖਰਾਬ ਕੀਤੀ ਜਾ ਰਹੀ ਹੈ।ਉਹਨਾਂ ਵੱਲੋਂ ਕੰਮ ਲੇਟ ਕਰਕੇ ਆਮ ਜਨਤਾ ਨੂੰ ਤਕਲੀਫ ਦਿੱਤੀ ਜਾ ਰਹੀ ਹੈ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਟੀ.ਵੀ. ਟਾਵਰ ਪਾਸ ਬਾਰਸ਼ ਜਿਆਦਾ ਹੋਣ ਕਾਰਨ ਮੋਟਰਾਂ ਪਾਣੀ ਵਿੱਚ ਡੁੱਬ ਗਈਆਂ ਸਨ। ਉਹਨਾਂ ਇਸ ਸਬੰਧੀ ਮੱਛੀ ਮੋਟਰਾਂ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਇਸਤੋਂ ਇਲਾਵਾ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਜਿਆਦਾ ਭਰਨ ਨਾਲ ਆਉਣ ਵਾਲੀ ਸਮੱਸਿਆ ਦੇ ਹੱਲ ਲਈ ਦੋ ਪੀਟਰ ਇੰਜਣ ਹੋਰ ਖਰੀਦ ਕਰਨ ਲਈ ਹਦਾਇਤ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 27.05.2016 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 27:** **ਪਾਸ ਕੀਤਾ ਗਿਆ ਕਿ ਮੀਟਿੰਗ ਮਿਤੀ 27.05.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰ: 2**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Zone No. | Ward No. | Name of Work | Estimate (in lac) |
|---|---|---|---|---|
| 1 | 1 | 30 | ਸ/ਲ ਇੰਟਰਲਾਕਿੰਗ ਟਾਈਲਜ਼ ਐਂਡ ਪ੍ਰੀਮਿਕਸ ਕਾਰਪਿਟ ਮੁਹੱਲਾ ਤੇਲੀਆ ਵਾਲਾ ਮੇਨ ਰੋਡ ਐਂਡ ਐਡਜੁਆਇਨਿੰਗ ਸਟਰੀਟਸ ਵਾਰਡ ਨੰ: 30 | 15.78 |
| 2 | 1 | 27, 28 | ਸ/ਲੇਇੰਗ ਪੀ.ਸੀ. ਇਨ ਸਟਰੀਟ ਇਨ ਮੁਹੱਲਾ ਸੀੜੀਆ ਵਾਲਾ ਐਂਡ ਕਿਲ੍ਹਾ ਰੋਡ ਟੂ ਮਹਿਣ ਚੌਂਕ ਰੋਡ ਵਾਰਡ ਨੰ: 27 ਅਤੇ 28 | 6.66 |
| 3 | 1 | 30 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਅਫੀਮ ਵਾਲੀ ਫਰਾਮ ਪੋਸਟ ਆਫਿਸ ਬਜਾਰ ਐਟ ਸਿਰਕੀ ਬਜਾਰ ਕਰਾਸ ਸਟਰੀਟ ਵਾਰਡ ਨੰ: 30 | 10.18 |
| 4 | 1 | 30 | ਸ/ਲੇਇੰਗ ਬੀ.ਐਮ. ਐਂਡ ਪੀ.ਸੀ. ਇਨ ਸਟਰੀਟ ਆਫ ਸੰਤੋਸੀ ਮਾਤਾ ਮੰਦਰ ਐਂਡ ਗਾਂਧੀ ਮਾਰਕਿਟ ਵਾਰਡ ਨੰ: 30 | 4.50 |
| 5 | 1 | | ਸਟ੍ਰੈਥਨਿੰਗ ਆਫ ਮੈਕਸ ਹਸਪਤਾਲ ਰੋਡ ਨੀਅਰ ਸਿਵਲ ਹਸਪਤਾਲ | 16.42 |
| 6 | 1 | 32 | ਪ/ਲ ਇੰਟਰਲਾਕਿੰਗ ਟਾਈਲਜ਼ ਐਂਡ ਪ੍ਰੀਮਿਕਸ ਕਾਰਪਿਟ ਐਟ ਰੋਡਸ ਆਫ ਵਾਰਡ ਨੰ: 32 (ਰਾਮ ਬਾਗ ਐਂਡ ਜਰਨੈਲ ਸਿੰਘ ਸਟੈਚੂ ਰੋਡ) | 17.97 |
| 7 | 1 | 26 | ਪ/ਲ ਪ੍ਰੀਮਿਕਸ ਕਾਰਪਿਟ ਐਂਡ ਇੰਟਰਲਾਕਿੰਗ ਟਾਈਲਜ਼ ਐਟ ਜੈਨ ਸਭਾ ਧਰਮਸ਼ਾਲਾ ਸਟਰੀਟ ਵਰਮਾ ਕਾਰਪਿਟ ਹਾਊਸ ਐਂਡ ਧਾਨਕ ਧਰਮਸ਼ਾਲਾ ਮੇਨ ਰੋਡ ਸਟਰੀਟ ਆਫ ਵਾਰਡ ਨੰ: 26 | 16.29 |
| 8 | 1 | 35 | ਸਟ੍ਰੈਥਨਿੰਗ ਆਫ ਰੋਡ ਇਨ ਗਲੀ ਮਲਕੀਤ ਸਿੰਘ ਵਾਲੀ ਆਵਾ ਬਸਤੀ ਵਾਰਡ ਨੰ: 35 | 6.38 |
| 9 | 1 | 35 | ਸ/ਲੇਇੰਗ ਇੰਟਰਲਾਕਿੰਗ ਟਾਈਲਜ਼ ਇਨ ਸਟਰੀਟਸ ਆਫ ਆਵਾ ਬਸਤੀ ਵਾਰਡ ਨੰ: 35 | 28.74 |
| 10 | 1 | | ਪ੍ਰੋਵਾਈਡਿੰਗ ਐਂਡ ਲੇਇੰਗ 60ਐਮ.ਐਮ. ਇੰਟਰਲਾਕਿੰਗ ਟਾਈਲਜ਼ ਇਨ ਜੈ ਦੁਰਗਾ ਸਵੀਟਸ ਸਟਰੀਟ ਐਂਡ ਚੁੜੀਆ ਵਾਲੀ ਗਲੀ | 9.45 |
| 11 | 1 | | ਕੰਸ: ਆਫ ਧਰਮਸ਼ਾਲਾ/ ਗੀਤਾ ਭਵਨ, ਕਿਲਾ ਰੋਡ ਟੂ ਮਹਿਣਾ ਚੌਂਕ ਰੋਡ, ਬਠਿੰਡਾ | 5.40 |
| 12 | 2 | 7 | ਪ/ਲ 60 ਐਮ.ਐਮ. ਥਿਕ ਇੰਟਰਲਾਕਿੰਗ ਟਾਈਲਜ਼ ਐਟ ਸਟਰੀਟ ਨੰ: 13ਬੀ ਬੀਬੀ ਵਾਲਾ ਰੋਡ | 3.5 |
| 13 | 2 | | ਲੇਇੰਗ ਇੰਟਰਲਾਕਿੰਗ ਟਾਈਲਜ਼ ਇਨ ਸਟਰੀਟ ਨੰ: 28 ਪਰਿੰਦਾ ਰੋਡ | 5.32 |
| 14 | 2 | 7 | ਪ/ਲ 20ਐਮ.ਐਮ. ਥਿਕ ਪੀ.ਸੀ. ਇਨ ਵੈਰੀਅਸ ਸਟਰੀਟਸ ਆਫ ਜੁਝਾਰ ਸਿੰਘ ਨਗਰ ਵਾਰਡ ਨੰ: 7 | 49.19 |
| 15 | 2 | 11 | ਪ/ਲ 20ਐਮ.ਐਮ. ਥਿਕ ਪੀ.ਸੀ. ਇਨ ਰਿਮੇਨਿੰਗ ਸਟਰੀਟਸ ਆਫ ਫੇਸ-1 ਵਾਰਡ ਨੰ: 11 | 21.48 |
| 16 | 2 | 7 | ਕੰਸ: ਆਫ ਬੱਸ ਕਿਊ ਸੈਲਟਰ ਨੀਅਰ ਪੁਲਿਸ ਸਟੇਸ਼ਨ ਫੇਸ-3 ਵਾਰਡ ਨੰ: 7 | 4.49 |
| 17 | 2 | 11 | ਦੰਗਾ ਪੀੜਤ ਕਲੋਨੀ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਉਣ ਸਬੰਧੀ। | 9.28 |
| 18 | 2 | 11 | ਪ/ਲ 20ਐਮ.ਐਮ. ਥਿਕ ਪੀ.ਸੀ. ਐਟ ਮੇਨ ਧੋਬੀਆਣਾ ਰੋਡ (ਪਾਰਟ-2) | 18.60 |
| 19 | 2 | 11, 12 | ਸ/ਲ ਐਸ.ਡੀ.ਬੀ.ਸੀ. 30ਐਮ.ਐਮ. ਥਿਕ ਫਰਾਮ ਗੁਰੂਦੁਆਰਾ ਸਾਹਿਬ ਫੇਸ-1 ਅੱਪ ਟੂ ਮੱਛੀ ਮਾਰਕਿਟ | 72.55 |
| 20 | 2 | ਜਨਰਲ | ਓਪਰੇਸ਼ਨ ਐਂਡ ਮੈਨਟੀਨੈਂਸ ਆਫ ਮਾਡਲ ਟਾਊਨ ਐਂਡ ਸਿਵਲ ਲਾਈਨ ਡਿਸਪੋਜਲ | 2.24 |
| 21 | 2 | 10 | ਪ੍ਰੋਵਾਈਡਿੰਗ ਐਂਡ ਲੇਇੰਗ 60ਐਮ.ਐਮ. ਇੰਟਰਲਾਕਿੰਗ ਟਾਈਲਜ਼ ਇਨ ਧੋਬੀਆਣਾ ਬਸਤੀ ਸਟਰੀਟਸ | 11.00 |
| 22 | 2 | 12 | ਪ੍ਰੋਵਾਇਡਿੰਗ ਐਂਡ ਰਿਪੇਅਰ ਆਫ ਫਾਊਂਟੇਨ ਐਟ ਐਸ.ਸੀ.ਐਫ. ਬਲਾਕ ਨੀਅਰ ਟੀ.ਵੀ. ਟਾਵਰ ਵਾਰਡ ਨੰ: 12 | 3.99 |
| 23 | 3 | 24 | ਸ/ਲ ਇੰਟਰਲੋਕਿੰਗ ਟਾਈਲਜ਼ 60ਐਮ.ਐਮ. ਥਿਕ ਇਨ ਲਕਸ਼ਮੀ ਗਲੀ, ਸੁਭਾਸ ਗਲੀ ਅਤੇ ਅਹਾਤਾ ਨਿਆਜ ਮੁਹੰਮਦ ਸਟਰੀਟ ਇਨ ਵਾਰਡ ਨੰ: 24 | 18.57 |
| 24 | 3 | 25 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਸਟਰੀਟ ਨੰ: 0 ਨਵੀਂ ਬਸਤੀ ਐਂਡ ਕੁਨੈਕਟਿੰਗ ਸਟਰੀਟ ਨੰ: 1 ਤੋਂ 3 ਵਾਰਡ ਨੰ: 25 | 11.36 |
| 25 | 3 | 25 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਭੀੜੀ ਗਲੀ ਆਪੋਜਿਟ ਐਸ.ਐਸ.ਡੀ. ਕਾਲਜ਼ ਆਨ ਅਮਰੀਕ ਸਿੰਘ ਰੋਡ ਵਾਰਡ ਨੰ: 25 | 1.49 |
| 26 | 3 | 23 | ਲੇਇੰਗ ਬੀ.ਐਮ. ਐਂਡ ਪੀ.ਸੀ. ਫਰਾਮ ਗੋਨਿਆਣਾ ਰੋਡ ਟੂ ਸੰਤਪੁਰਾ ਰੋਡ ਅਲਾਂਗ ਕੈਨਾਲ ਰੋਡ | 12.80 |

| | | | | |
|---|---|---|---|---|
| 27 | 3 | 24 | ਸ/ਲ ਪ੍ਰੀਮਿਕਸ ਕਾਰਪਿਟ ਇਨ ਪਾਰਕਿੰਗ ਏਰੀਆ ਆਫ ਪੱਟਾ ਮਾਰਕਿਟ ਰੇਲਵੇ ਰੋਡ | 9.96 |
| 28 | 3 | 24 | ਸ/ਲੇਇੰਗ ਇੰਟਰਲਾਕਿੰਗ ਟਾਈਲਜ਼ ਇਨ ਲਾਟਰੀ ਮਾਰਕਿਟ (ਅਹਾਤਾ ਪ੍ਰੀਤਮ ਸਿੰਘ ਸਿੱਧੂ) ਵਾਰਡ ਨੰ: 24 | 5.89 |
| 29 | 3 | 24 | ਸ/ਲੇਇੰਗ ਇੰਟਰਲਾਕਿੰਗ ਟਾਈਲਜ਼ ਇਨ ਸਟਰੀਟਸ ਆਫ ਵਾਰਡ ਨੰ: 24 | 6.79 |
| 30 | 3 | 24 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਰੈਡ ਕਰਾਸ ਮਾਰਕਿਟ ਆਨ ਮਾਲ ਰੋਡ | 3.18 |
| 31 | 4 | 18 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਕਬੀਰ ਨਗਰ ਐਂਡ ਖੱਦਰ ਭੰਡਾਰ ਸਟਰੀਟ ਵਾਰਡ ਨੰ: 18 | 5.56 |
| 32 | 4 | 18 | ਸ/ਲੇਇੰਗ ਇੰਟਰਲਾਕਿੰਗ ਟਾਈਲਜ਼ ਆਫ ਕਰੀਮੇਸ਼ਨ ਗਰਾਉਂਡ ਆਨ ਬੀਬੀ ਵਾਲਾ ਰੋਡ ਵਾਰਡ ਨੰ: 18 | 10.68 |
| 33 | 4 | 21 | ਸ/ਲ 60 ਐਮ.ਐਮ. ਇੰਟਰਲਾਕਿੰਗ ਟਾਈਲਜ਼ ਇਨ ਗਣੇਸ਼ਾ ਬਸਤੀ ਵਾਰਡ ਨੰ: 21 | 14.40 |
| 34 | 4 | 21 | ਲੇਇੰਗ ਸੀਮਿੰਟ ਕੰਕਰੀਟ ਆਨ ਬਰਮਜ਼ ਐਟ ਗਣੇਸ਼ ਨਗਰ ਵਾਰਡ ਨੰ: 21 | 3.60 |
| 35 | 4 | 21 | ਸ/ਲ ਇੰਟਰਲਾਕਿੰਗ ਟਾਈਲਜ਼ ਇਨ ਸਟਰੀਟ ਨੰ: 1 ਅੰਬੇਡਕਰ ਨਗਰ ਵਾਰਡ ਨੰ: 21 | 3.25 |
| 36 | 4 | 22 | ਸ/ਲ 20ਐਮ.ਐਮ. ਥਿਕ ਓਪਨ ਗਰੇਡਡ ਪ੍ਰੀਮਿਕਸ ਇਨ ਸਟਰੀਟ ਨੰ: 8 ਨਾਮਦੇਵ ਮਾਰਗ ਵਾਰਡ ਨੰ: 22 | 9.50 |
| 37 | 4 | 22 | ਸ/ਲ 60ਐਮ.ਐਮ. ਥਿਕ ਇੰਟਰਲਾਕਿੰਗ ਟਾਈਲਜ਼ ਇਨ ਸ਼ਿਵ ਕਲੋਨੀ ਸਟਰੀਟ ਨੰ: 1/1ਸੀ ਐਂਡ ਨਾਮਦੇਵ ਰੋਡ ਸਟਰੀਟਸ 8/1 ਵਾਰਡ ਨੰ: 22 | 4.67 |
| 38 | 4 | 22 | ਸ/ਲ 20ਐਮ.ਐਮ. ਥਿਕ ਪ੍ਰੀਮਿਕਸ ਇਨ ਸਟਰੀਟਸ ਆਫ ਪ੍ਰਜਾਪਤ ਕਲੋਨੀ ਐਂਡ ਸਿਵ ਕਲੋਨੀ ਵਾਰਡ ਨੰ: 22 | 25.88 |
| 39 | 4 | 22 | ਰੇਜ਼ਿੰਗ ਆਫ ਸਟਰੀਟਸ ਇਨ ਸ਼ਿਵ ਕਲੋਨੀ ਐਂਡਜੁਆਇਨਿੰਗ ਪਾਰਕ ਵਾਰਡ ਨੰ: 22 | 12.89 |
| 40 | 4 | | ਜਨਰਲ ਰਿਪੇਅਰ ਵਰਕ ਇਨ ਜੋਨ ਨੰ: 4 | 10.05 |
| 41 | 5 | | ਰਿਪੇਅਰ ਐਂਡ ਰੈਨੋਵੇਸ਼ਨ ਆਫ ਓਪਨ ਏਅਰ ਥਿਏਟਰ | 6.37 |
| 42 | 5 | | ਰਿਪੇਅ੍ਰਰ ਐਂਡ ਰੈਨੋਵੇਸ਼ਨ ਆਫ ਟਾਈਪ-ਡੀ, ਈ ਕੁਆਟਰ ਇਨ ਮਿਉਂਸਪਲ ਕਲੋਨੀ | 11.5 |
| 43 | | | E/Filling and DB paving in streets near Bhagtuana dera ward no. 2 | 10.50 |
| 44 | 6 | 47,48 | Laying PC 20mm thick open graded main Gurukul Road from Paras Ram Nagar chowk to Sirhand Canal | 49.90 |
| 45 | 6 | 46 | 20ਐਮ.ਐਮ. ਥਿਕ ਓਪਨ ਗਰੇਡਡ ਪ੍ਰੂ.ਸੀ. ਐਂਡ ਇੰਟਰਲਾਕਿੰਗ ਟਾਈਲਜ਼ ਇਨ 3,4,5, 10 ਐਂਡ ਐਡਜੁਆਇਨਿੰਗ ਸਟਰੀਟਸ ਆਫ ਪਰਸ ਰਾਮ ਨਗਰ | 29.54 |
| 46 | 6 | 40 | ਪ/ਲ ਡਬਲਯੂ.ਬੀ.ਐਮ. 50ਐਮ.ਐਮ ਥਿਕ ਪੀ.ਸੀ. 20ਐਮ.ਐਮ. ਥਿਕ ਗਲੀ ਨੰ: 1,2,3,4 ਵਾਰਡ ਨੰ: 40 | 17.41 |
| 47 | 6 | | ਕੰਸ: ਆਫ ਡਬਲਯੂ.ਬੀ.ਐਮ. ਐਂਡ ਪੀ.ਸੀ. ਇਨ ਜਨਤਾ ਨਗਰ ਸਟਰੀਟ ਨੰ: 8 ਐਂਡ ਐਡਜੁਆਇਨਿੰਗ ਸਟਰੀਟਸ | 30.56 |
| 48 | 6 | 44 | Const . Of roads backside alam basti disposal w-44 | 18.50 |
| 49 | 6 | 42 | Const. of roads gali no 4 and adjoining streets of bachan colony w-42 | 49.80 |
| 50 | 6 | 46 | P/l interlocking tiles ingali no 1 paras ram nagar w-46 | 12.00 |
| 51 | 6 | | DB paving in st 1/3 multania road | 5.20 |
| 52 | 6 | | Const of hall on first floor in ravi dass dharam shala partap nagar | 8.25 |
| 53 | 6 | | Const of streets between hans nagar and surkhpeer road43 | 33.00 |
| 54 | 6 | 43 | Const of streets near tarun public school w-43 | 39.17 |
| 55 | 6 | | Repair and development of parks in tp scheme 15 | 5.00 |
| 56 | 6 | | Const of dharamshala in janta nagar | 15.00 |
| 57 | 6 | | S/l interlocking tiles in 10/1 near bachiter singh dharamshala sas nagar | 8.00 |

| | | | | |
|---|---|---|---|---|
| 58 | 6 | | Laying pc in street no 9,11,5-d,4-d and adjoining streets | 27.00 |
| 59 | 6 | | Supply of MS Board for MC Store year 2016-17 (size 7'x2'x1') | 3.75 |
| 60 | 6 | | Development of green belt along canal near Janta Nagar | 10.00 |
| 61 | 6 | 43 | ਕੰਸ: ਆਫ ਰੋਡਸ ਨੀਅਰ ਲਾਭ ਸਿੰਘ ਚੌਂਕ ਵਾਰਡ ਨੰ: 43 | 43.00 |
| 62 | 6 | 42 | ਕੰਸ: ਆਫ ਰੋਡਸ ਗਲੀ ਨੰ: 21 ਪ੍ਰਤਾਪ ਨਗਰ ਐਂਡ ਐਡਜੁਆਇਨਿੰਗ ਸਟਰੀਟਸ ਵਾਰਡ ਨੰ: 42 | 48.70 |
| 63 | 6 | 44 | ਇੰਟਰਲਾਕਿੰਗ ਟਾਈਲਜ਼ ਇਨ ਨੈਰੋ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰ: 44 | 22.40 |
| 64 | 6 | 43 | ਕੰਸ: ਆਫ ਰੋਡਸ ਗਲੀ ਨੰ: 4,5,6,7 ਹੰਸ ਨਗਰ ਵਾਰਡ ਨੰ: 43 | 43.90 |
| 65 | 6 | 43 | ਕੰਸ: ਆਫ ਰਿਮੇਨਿੰਗ ਸਟਰੀਟਸ ਆਫ ਹੰਸ ਨਗਰ | 20.00 |
| 66 | 6 | 43 | ਕੰਸ: ਆਫ ਰੋਡਸ ਇਨ ਗਲੀ ਨੰ: 23,24,25 ਐਂਡ ਐਡਜੁਆਇਨਿੰਗ ਸਟਰੀਟਸ ਆਫ ਪ੍ਰਤਾਪ ਨਗਰ ਵਾਰਡ ਨੰ: 43 | 48.40 |
| 67 | 6 | 43 | ਕੰਸ: ਆਫ ਸਟਰੀਟਸ ਆਫ ਗਲੀ ਨੰ: 22 ਐਂਡ ਐਡਜੁਆਇਨਿੰਗ ਸਟਰੀਟਸ ਆਫ ਪ੍ਰਤਾਪ ਨਗਰ ਵਾਰਡ ਨੰ: 43 | 45.00 |
| 68 | 6 | 46 | ਕੰਸ: ਆਫ ਰੋਡਸ ਇਨ ਗਲੀ ਨੰ: 30,31,32 ਐਂਡ ਐਡਜੁਆਇਨਿੰਗ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰ: 46 | 47.50 |
| 69 | 6 | 44 | ਕੰਸ: ਆਫ ਰੋਡਸ ਇਨ ਸਟਰੀਟਸ ਨੰ: 30/ਏ, 31/ਏ, 32/ਏ ਐਂਡ ਐਡਜੁਆਇਨਿੰਗ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰ: 44 | 49.40 |
| 70 | 6 | 44/46 | ਕੰਸ: ਆਫ ਰਿਮੇਨਿੰਗ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰ: 44/46 | 47.90 |
| 71 | 6 | 43 | ਕੰਸ: ਆਫ ਰੋਡਸ ਇਨ ਸਟਰੀਟ ਨੰ: 35 ਐਂਡ ਐਡਜੁਆਇਨਿੰਗ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰ: 43 | 33.50 |
| 72 | 6 | 43 | ਕੰਸ: ਆਫ ਰੋਡਸ ਨੀਅਰ ਪੱਪੂ ਆਟਾ ਚੱਕੀ ਵਾਰਡ ਨੰ: 43 | 38.10 |
| 73 | 6 | 40 | ਕੰਸ: ਆਫ ਰੋਡਸ ਇਨ ਗੁਰੂ ਨਾਨਕ ਨਗਰ ਵਾਰਡ ਨੰ: 40 | 37.20 |
| 74 | 6 | 48 | ਕੰਸ: ਆਫ ਰੋਡਸ ਇਨ ਅਰਜੁਨ ਨਗਰ ਵਾਰਡ ਨੰ: 48 | 22.00 |
| 75 | 7 | 36 | ਪ/ਫ ਇੰਟਰਲਾਕਿੰਗ ਟਾਈਲਜ਼ ਇਨ ਗਲੀ ਨੰ: 4 ਅਮਰਪੁਰਾ ਬਸਤੀ ਐਂਡ ਐਡਜੁਆਇਨਿੰਗ ਸਟਰੀਟਸ ਵਾਰਡ ਨੰ: 36 | 29.90 |
| 76 | 7 | 34 | ਪ/ਫ ਇੰਟਰਲਾਕਿੰਗ ਟਾਈਲਜ਼ ਗਲੀ ਨੰ: 2-1/2 ਅਮਰਪੁਰਾ ਬਸਤੀ ਵਾਰਡ ਨੰ: 34 | 17.35 |
| 77 | 7 | 39 | ਕੰਸ: ਆਫ ਧਰਮਸ਼ਾਲਾ ਗਲੀ ਨੰ: 10 ਲਾਲ ਸਿੰਘ ਬਸਤੀ ਵਾਰਡ ਨੰ: 39 | 4.90 |
| 78 | 7 | 38 | ਪ/ਫ ਇੰਟਰਲਾਕਿੰਘ ਟਾਈਲਜ਼ ਸੰਗੂਆਣਾ ਬਸਤੀ ਵਾਰਡ ਨੰ: 38 | 38.90 |
| 79 | 7 | 13 | ਕੰਸ: ਆਫ ਮੈਟਲਡ ਰੋਡ ਅੱਪ ਟੂ ਰਾਧਾ ਸੁਆਮੀ ਸਤਸੰਗ ਘਰ ਨੀਅਰ ਜੱਸੀ ਪੌਹ ਵਾਲਾ ਚੌਂਕ | 19.00 |
| 80 | 7 | 39 | ਅਰਥ ਫਿਲਿੰਗ, ਡੀ.ਬੀ. ਪੇਵਿੰਗ ਕੰਸ: ਆਫ ਰੋਡ ਵਾਰਡ ਨੰ: 39 | 34.30 |
| 81 | 7 | 14 | ਕੰਸ: ਆਫ ਮੁਲਤਾਨੀਆ ਰੋਡ ਸਾਂਈ ਨਗਰ ਬੈਕ ਸਾਈਡ ਗਣਪਤੀ ਅਨਕਲੇਵ ਵਾਰਡ ਨੰ: 14 | 49.40 |
| 82 | 7 | 37 | ਕੰਸ: ਆਫ ਰੋਡਸ ਬੀਰਬਲ ਬਸਤੀ ਐਂਡ ਅਮਰਦਾਸ ਨਗਰ ਵਾਰਡ ਨੰ: 37 | 47.10 |
| 83 | 7 | 40 | ਕੰਸ: ਆਫ ਰੋਡ ਮਹਿੰਦੀ ਧਾਮ ਮੰਦਰ ਐਂਡ ਐਡਜੁਆਇਨਿੰਗ ਸਟਰੀਟਸ ਵਾਰਡ ਨੰ: 40 | 47.50 |
| 84 | 7 | 40 | ਕੰਸ: ਆਫ ਰੋਡ ਲੈਫਟ ਹੈਡ ਸਾਈਟਸ ਆਨ ਮੁਲਤਾਨੀਆ ਰੋਡ ਵਾਰਡ ਨੰ: 40 | 36.00 |
| 85 | 7 | 39 | ਕੰਸ: ਆਫ ਸਾਈਡ ਸਟਰੀਟਸ ਆਫ ਗਲੀ ਨੰ: 24 ਐਂਡ ਐਡਜੁਆਇਨਿੰਗ ਸਟਰੀਟਸ ਲਾਲ ਸਿੰਘ ਨਗਰ ਵਾਰਡ ਨੰ: 39 | 50.00 |
| 86 | 7 | 39 | ਕੰਸ: ਆਫ ਮੈਟਲਡ ਰੋਡ ਜੋਗਿੰਦਰ ਕਲੋਨੀ ਸਟਰੀਟਸ ਵਾਰਡ ਨੰ: 39 | 49.50 |
| 87 | 7 | 14 | ਕੰਸ ਆਫ ਰੋਡ ਗਲੀ ਨੰ: 1 ਐਂਡ 2 ਮੇਨ ਰੋਡ ਅਨੂਪ ਨਗਰ ਵਾਰਡ ਨੰ: 14 | 49.90 |
| 88 | 7 | 14 | ਕੰਸ ਆਫ ਰੋਡ ਰਿਮੇਨਿੰਗ ਸਟਰੀਟਸ ਆਫ ਅਨੂਪ ਨਗਰ ਵਾਰਡ ਨੰ: 14 | 50.00 |
| 89 | | 33-35 | ਸੰਜੇ ਨਗਰ ਟੋਬੇ ਦੇ ਬਾਊਂਡਰੀ ਵਾਲ ਕਰਨਾ | 5.96 |
| 90 | | 13 | ਪ/ਫਿਕਸਿੰਗ ਆਫ ਇੰਟਰਲਾਕਿੰਗ ਟਾਊਲਜ਼ 60ਐਮ.ਐਮ. ਥਿਕ ਇਨ ਸਟੇਰੀਟ ਨੰ: 3 ਨੱਛਤਰ ਨਗਰ | 8.86 |
| 91 | | 14 | ਲੇਇੰਗ ਡੀ.ਬੀ. ਪਵਿੰਗ ਇਨ ਸਟਰੀਟ ਨੰ: 1ਏ ਕਰਨੈਲ ਸਿੰਘ ਨਗਰ | 1.02 |
| 92 | | 13 | ਪ/ਫਿਕਸਿੰਗ ਆਫ ਇੰਟਰਲਾਕਿੰਗ ਟਾਈਲਜ਼ 60ਐਮ.ਐਮ. ਥਿਕ ਸਟਰੀਟ ਨੰ: 3/2ਏ ਮਤੀ ਦਾਸ ਨਗਰ | 3.22 |

| | | | | |
|---|---|---|---|---|
| 93 | | 13 | ਲੇਇੰਗ ਡੀ.ਬੀ. ਪਵਿੰਗ ਇਨ ਡਿਫਰੈਂਟ ਸਟਰੀਟਸ ਆਫ ਭਾਈਮਤੀ ਦਾਸ ਨਗਰ | 19.49 |
| 94 | | | ਸਪਲਾਈ ਆਫ ਸਟਰੀਟ ਲਾਈਟ ਮਟੀਰੀਅਲ | 27.50 |
| 95 | | | Estimate for the work of maintenance of E.T. Plant at Slaughter House in Sanjay Nagar Bathinda | 4.32 |
| 96 | 5,8 | | ਪ੍ਰੋਵ: ਐਂਡ ਲੇਇੰਗ ਇਨਟਰਨਲ ਡਾਇਆ ਸੀਵਰ ਇਨ ਡਿਫਰੈਂਟ ਏਰੀਆ ਜ਼ੋਨ ਨੰਬਰ 5 ਤੋਂ 8 | 33.24 |
| 97 | 1,4 | | ਪ੍ਰੋਵ: ਐਂਡ ਲੇਇੰਗ ਇਨਟਰਨਲ ਡਾਇਆ ਸੀਵਰ ਇਨ ਡਿਫਰੈਂਟ ਏਰੀਆ ਆਫ ਸਿਟੀ ਜ਼ੋਨ ਨੰਬਰ 1 ਤੋਂ 4 | 22.06 |
| 98 | | | Supply of Road Gully Cover Frame for MC Store | 4.69 |
| 99 | | | Providing, Fixing & Operating for 7 years R.O. Plant in Ward No. 1 | 20.00 |

**ਮਤਾ ਨੰਬਰ 28:** **ਪ੍ਰਵਾਨ ਹੈ।**

**ਏਜੰਡਾ ਨੰਬਰ: 3**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ Providing and Stringing 160mm o/d PVC Pipe to Dhobiana Nagar from Head Water Works, Bhagu Road, Bathinda ਦਾ ਤਖਮੀਨਾ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਵੱਲੋਂ ਕੁੱਲ ਲਾਗਤ 3.09 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਇਸ ਸਬੰਧੀ ਨਿਗਮ ਇੰਜੀਨੀਅਰ (ਓ.ਐਂਡ ਐਮ) ਨੇ ਰਿਪੋਰਟ ਕੀਤੀ ਹੈ ਕਿ ਉਕਤ ਕੰਮ ਜਰੂਰੀ ਕਰਵਾਇਆ ਜਾਣਾ ਹੈ। ਇਸ ਲਈ ਮਾਨਯੋਗ ਮੇਅਰ ਸਾਹਿਬ ਨੇ ਮਿਤੀ ਹੁਕਮ ਕੀਤੇ ਹਨ ਕਿ ਇਹ ਅਦਾਇਗੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਕਰ ਦਿੱਤੀ ਜਾਵੇ। ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 29:** **ਪ੍ਰਵਾਨ ਹੈ।**

**ਏਜੰਡਾ ਨੰਬਰ: 4**

ਰਿਪੋਰਟ ਵਰਕਸ ਸ਼ਾਖਾ ਕਿ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਜੀ ਵੱਲੋਂ ਪੱਤਰ ਨੰਬਰ 26162/ਸੀ ਮਿਤੀ 18.07.2016 ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ ਲਿਖਿਆ ਗਿਆ ਹੈ ਕਿ ਆਮ ਲੋਕਾਂ ਨੂੰ ਸੁਰੱਖਿਆ ਦੇਣ ਲਈ ਸ਼ਹਿਰ ਦੀਆਂ 20 ਮਹੱਤਵਪੂਰਨ ਥਾਂਵਾਂ ਤੇ ਮੋਬਾਇਲ ਪਿਕਟਸ ਰੱਖੀਆਂ ਜਾਣੀਆਂ ਹਨ, ਜਿੱਥੇ ਕਿ ਪੀ.ਸੀ.ਆਰ/ਟਵੈਰਾ ਪੁਆਇੰਟ ਹੋਣਗੇ ਅਤੇ ਕੈਮਰੇ ਵੀ ਸਥਾਪਿਤ ਕੀਤੇ ਜਾਣੇ ਹਨ।

ਉਪਰੋਕਤ ਤੋਂ ਇਲਾਵਾ ਇਹਨਾਂ ਪਿਕਟਸ ਲਈ ਬਿਜਲੀ ਦੇ ਕੁਨੈਕਸ਼ਨ ਅਤੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਨਗਰ ਨਿਗਮ ਫੰਡਾਂ ਵਿੱਚੋਂ ਕੀਤੇ ਜਾਣ ਬਾਰੇ ਲਿਖਿਆ ਹੈ। ਇਸ ਸਬੰਧੀ ਰਿਪੋਰਟ ਹੈ ਕਿ ਬਿਜਲੀ ਦੇ ਕੁਨੈਕਸ਼ਨ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਵਿੱਚ ਵਿਚਾਰਨ ਉਪਰੰਤ ਪਾਸ ਹੋਣ ਤੇ ਪੰਜਾਬ ਮਿਉਂਸਪਲ ਐਕਟ 1976 ਦੀ ਧਾਰਾ 82(3) ਤਹਿਤ ਸਰਕਾਰ ਪਾਸੋਂ ਪ੍ਰਵਾਨਗੀ ਪ੍ਰਾਪਤ ਕਰਨੀ ਹੋਵੇਗੀ। ਸੋ, ਪਿਕਟਸ ਲਈ ਬਿਜਲੀ ਦੇ ਕੁਨੈਕਸ਼ਨ ਆਦਿ ਲੈਣ ਤੇ 5.00 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਹ ਕੈਮਰੇ ਅਤੇ ਮੋਬਾਇਲ ਪਿਕਟਸ ਸ਼ਹਿਰਵਾਸੀਆਂ ਦੀ ਸੈਫਟੀ ਲਈ ਲਗਾਏ ਜਾਣੇ ਹਨ। ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 30:** **ਪਾਸ ਕੀਤਾ ਗਿਆ ਕਿ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਦੇ ਪੱਤਰ ਨੰਬਰ 3886/ਏ ਮਿਤੀ 05.08.2016 ਦੀ ਰੋਸ਼ਨੀ ਵਿੱਚ ਪਬਲਿਕ ਹਿੱਤਾਂ ਨੂੰ ਮੁੱਖ ਰਖਦੇ ਹੋਏ 8.00 ਲੱਖ ਰੁਪਏ ਦੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰਬਰ: 5**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਖੇਤਾ ਸਿੰਘ ਬਸਤੀ ਵਿਖੇ ਬਣਾਏ ਜਾਣ ਵਾਲੇ ਡਿਸਪੋਜ਼ਲ ਲਈ 1200-2000 ਗੱਜ਼ ਜਮੀਨ ਖਰੀਦ ਕਰਨ ਲਈ ਨਗਰ ਨਿਗਮ ਬਠਿੰਡਾ ਵੱਲੋਂ 29 ਜੂਨ, 2016 ਦੇ ਪੰਜਾਬੀ ਟ੍ਰਿਬਿਊਨ ਅਤੇ ਦੈਨਿਕ ਜਾਗਰਣ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਇਸ਼ਤਿਹਾਰ ਦੇ ਮੱਦੇ ਨਜ਼ਰ ਹੇਠ ਦਰਸਾਏ ਦੋ ਜਮੀਨ ਮਾਲਕਾਂ ਵੱਲੋਂ ਆਪਣੀ ਜਮੀਨ ਦੇਣ ਦੀ ਇੱਛਾ ਜਾਹਰ ਕੀਤੀ ਹੈ:-

1. ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਜਲੌਰ ਸਿੰਘ
2. ਸ਼੍ਰੀ ਦਰਸ਼ਨ ਸਿੰਘ, ਸ਼੍ਰੀ ਚੇਤ ਸਿੰਘ ਅਤੇ ਹੋਰ

ਇਹਨਾਂ ਦੋਹਾਂ ਮਾਲਕਾਂ ਦੀ ਜਮੀਨ ਵਿੱਚੋਂ ਢੁੱਕਵੀਂ ਥਾਂ ਸਿਲੈਕਟ ਕਰਨ ਲਈ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਹੁਕਮ ਮਿਤੀ 20.07.2016 ਅਨੁਸਾਰ ਹੇਠ ਲਿਖੇ ਅਧਿਕਾਰੀਆਂ ਦੀ ਸਬ-ਕਮੇਟੀ ਬਣਾਈ ਸੀ:-

1. ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਬਠਿੰਡਾ।
2. ਨਿਗਮ ਇੰਜੀਨੀਅਰ, ਨਗਰ ਨਿਗਮ, ਬਠਿੰਡਾ।
3. ਸਬੰਧਤ ਉਪ ਮੰਡਲ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਬਠਿੰਡਾ।

ਇਸ ਸਬ-ਕਮੇਟੀ ਵੱਲੋਂ ਮੌਕਾ ਵੇਖਣ ਉਪਰੰਤ ਰਿਪੋਰਟ ਕੀਤੀ ਹੈ ਕਿ "ਸ੍ਰੀ ਜਗਜੀਤ ਸਿੰਘ ਪੁੱਤਰ ਸ੍ਰੀ ਜਲੌਰ ਸਿੰਘ ਦੀ ਜਮੀਨ ਹਰਦੇਵ ਨਗਰ ਦੇ ਪਿੱਛੇ ਹੈ। ਇਹ ਜਮੀਨ ਪਿੱਛੇ ਹੋਣ ਕਾਰਨ ਅਤੇ ਗਲੀਆਂ ਦੀ ਚੌੜਾਈ ਘੱਟ ਹੋਣ ਕਾਰਨ ਇੱਥੇ 30" ਡਾਇਆ ਦੀ ਡੂੰਘਾ ਸੀਵਰ ਲਗਾਉਣਾ ਸੰਭਵ ਨਹੀਂ ਹੈ। ਜਿਸ ਕਰਕੇ ਇਹ ਜਮੀਨ ਡਿਸਪੋਜ਼ਲ ਲਈ ਢੁੱਕਵੀਂ ਨਹੀਂ ਹੈ। ਸ੍ਰੀ ਦਰਸ਼ਨ ਸਿੰਘ, ਸ੍ਰੀ ਚੇਤ ਸਿੰਘ ਆਦਿ ਦੀ ਜਮੀਨ ਜੋ ਸੀਵੀਆਂ ਰੋਡ ਤੇ ਸੜ੍ਹਕ ਤੇ ਤਕਰੀਬਨ 200 ਫੁੱਟ ਦੀ ਦੂਰੀ ਤੇ ਕੱਸੀ ਦੇ ਨਾਲ ਛਿਪਦੇ ਪਾਸੇ ਪੈਂਦੀ ਹੈ। ਡਿਸਪੋਜ਼ਲ ਬਨਾਉਣ ਅਤੇ ਰਾਇਜ਼ਿੰਗ ਮੇਨ ਦਾ ਪਾਣੀ ਲਿਜਾਉਣ ਵਾਸਤੇ ਢੁੱਕਵੀਂ ਹੈ। ਇਸ ਲਈ ਇਹ ਜਗ੍ਹਾ ਡਿਸਪੋਜ਼ਲ ਵਰਕਸ ਬਨਾਉਣ ਲਈ ਖਰੀਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ"।

ਇਹ ਰਿਪੋਰਟ ਨਗਰ ਨਿਗਮ ਦੇ ਜਨਰਲ ਹਾਊਸ ਵੱਲੋਂ ਮਤਾ ਨੰਬਰ 33 ਮਿਤੀ 21.08.2015 ਰਾਹੀਂ ਬਣਾਈ ਸਬ-ਕਮੇਟੀ ਦੇ ਸਨਮੁੱਖ ਪੇਸ਼ ਕੀਤੀ ਗਈ। ਸਬ-ਕਮੇਟੀ ਵੱਲੋਂ ਰਿਪੋਰਟ ਪ੍ਰਵਾਨ ਕਰਦੇ ਹੋਏ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 31:** **ਪ੍ਰਵਾਨ ਹੈ।**

**ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-**

**ਏਜੰਡਾ ਨੰ: 1**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Zone No. | Ward No. | Name of Work | Estimate (in lac) |
|---|---|---|---|---|
| 1 | | 14 | ਲੇਇੰਗ 20 ਐਮ.ਐਮ. ਪੀ.ਸੀ. ਐਂਡ ਇੰਟਰਲਾਕਿੰਗ ਟਾਇਲਜ਼ ਇਨ ਬਸ਼ੇਸ਼ਰ ਨਗਰ, ਵਾਰਡ ਨੰਬਰ 14 | 10.70 |
| 2 | | 29 | P/L Interlocking tiles in Kikar Dass Mohalla, St. No. 1,7, Bhalaria Mohalla and other streets of W.No. 29 | 14.10 |
| 3 | | | Const. of Store Rooms at Fire Brigade Station | 1.05 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 32:** **ਪ੍ਰਵਾਨ ਹੈ।**

**ਕੌਂਸਲਰ ਸਾਹਿਬਾਨ ਅਤੇ ਲੋਕਾਂ ਦੀ ਮੰਗ ਨੂੰ ਮੁੱਖ ਰਖਦੇ ਹੋਏ ਹੇਠ ਲਿਖੇ ਅਨੁਸਾਰ ਮਜ਼ੀਦ ਪਾਸ ਕੀਤਾ ਗਿਆ ਕਿ:-**

1. **ਹਾਜ਼ੀ ਰਤਨ ਚੌਂਕ ਵਿੱਚ ਕਿਉਂ ਜੋ ਬਹੁਤ ਜਿਆਦਾ ਐਕਸੀਡੈਂਟ ਹੁੰਦੇ ਰਹਿੰਦੇ ਹਨ। ਇਸ ਲਈ ਪਾਰਕ ਨੂੰ ਛੋਟਾ ਕਰਕੇ ਚੌਂਕ ਬਨਾਉਣ ਵਾਲੀ ਏਜੰਸੀ ਪਾਸੋਂ ਡਿਜ਼ਾਇਨ ਕਰਵਾਉਣ ਉਪਰੰਤ ਚੌਂਕ ਬਨਾਉਣ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
2. **ਵਾਰਡ ਨੰਬਰ 46 ਵਿੱਚ ਗਲੀ ਨੰਬਰ 12/8, 12/9 ਅਤੇ ਹੋਰ 4-5 ਗਲੀਆਂ ਵਿੱਚ ਜੋ ਮਿੱਟੀ ਦੀ ਭਰਤ ਪਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
3. **ਪਾਵਰ ਹਾਊਸ ਰੋਡ ਤੇ ਗਲੀ ਨੰਬਰ 11/3 ਅਤੇ 11/8 ਵਿੱਚ ਬਣੇ ਪਾਰਕਾਂ ਵਿੱਚ ਲਾਈਟਾਂ ਅਤੇ ਗਜ਼ੀਬੋ ਲਗਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
4. **ਪ੍ਰਜਾਪਤ ਕਲੋਨੀ, ਗਲੀ ਨੰਬਰ 6 ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
5. **ਸ੍ਰੀ ਰਾਜਵਿੰਦਰ ਸਿੰਘ ਸਿੱਧੂ ਅਤੇ ਸ਼੍ਰੀਮਤੀ ਰਾਜਪ੍ਰੀਤ ਕੌਰ ਬਰਾੜ੍ਹ, ਕੌਂਸਲਰ ਸਾਹਿਬਾਨਾ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਦੀ ਮੰਗ ਨੂੰ ਧਿਆਨ ਦਿਵਾਉ ਮਤਾ ਪਾਸ ਕਰਨ ਲਈ ਮੰਗ ਪੱਤਰ ਪੇਸ਼ ਕੀਤਾ ਅਤੇ ਬੇਨਤੀ ਕੀਤੀ ਕਿ ਤਕਰੀਬਨ 13 ਕਲੋਨੀਆਂ ਦੇ ਨਾਲ ਜੋ ਕੂੜਾ ਕਰਕੱਟ ਪਲਾਂਟ ਲਗਾਇਆ ਗਿਆ ਹੈ, ਉਸਦੇ ਚੱਲਣ ਨਾਲ ਇਸ ਸਮੁੱਚੇ ਇਲਾਕੇ ਵਿੱਚ ਭੈੜੀ ਬਦਬੂ ਹੁੰਦੀ ਹੈ। ਜਿਸ ਦੇ ਨਾਲ ਲੋਕਾਂ ਨੂੰ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਘੁਟਣ ਮਹਿਸੂਸ ਹੋਣ ਲਗਦੀ ਹੈ। ਇਸ ਨਾਲ ਕਈ ਬੀਮਾਰੀਆਂ ਫੈਲ ਰਹੀਆ ਹਨ। ਇਸ ਸਮੁੱਚੇ ਇਲਾਕੇ ਵਿੱਚ ਤਕਰੀਬਨ 30-35 ਹਜ਼ਾਰ ਲੋਕਾਂ ਦੀ ਵਸੋਂ ਹੈ।**

ਉਹਨਾਂ ਬੇਨਤੀ ਕੀਤੀ ਕਿ ਇਹ ਪਲਾਂਟ ਦੂਰ ਕਿਧਰੇ ਜਮੀਨ ਖਰੀਦ ਕਰਕੇ ਲਗਾਇਆ ਜਾਵੇ ਤਾਂ ਜੋ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਉਹਨਾਂ ਇਸ ਨੂੰ ਏਜੰਡਾ ਆਈਟਮ ਬਣਾ ਕੇ ਆਪਣੀ ਮੰਗ ਰੱਖੀ।

ਨੁਕਤਾ ਨੰਬਰ 5 ਸਬੰਧੀ ਸਾਰੇ ਹਾਊਸ ਨੇ ਇਸ ਮੰਗ ਨੂੰ ਗੰਭੀਰਤਾ ਨਾਲ ਵਿਚਾਰਿਆ। ਕਿਉਂ ਜੋ ਇਹ ਮੰਗ ਮਨੁੱਖੀ ਸਿਹਤ ਨਾਲ ਸਬੰਧ ਰਖਦੀ ਹੈ, ਇਸ ਲਈ ਸਾਰੇ ਹਾਊਸ ਵੱਲੋਂ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸਰਕਾਰ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਸ ਕੂੜਾ ਕਰੱਕਟ ਪਲਾਂਟ ਲਈ ਕੋਈ ਢੁੱਕਵੀਂ ਜਗ੍ਹਾ ਦਿਵਾਈ ਜਾਵੇ ਅਤੇ ਇਸ ਸਬੰਧੀ ਆਉਣ ਵਾਲੇ ਖਰਚੇ ਲਈ ਫੰਡਜ਼ ਮੁੱਹਈਆ ਕਰਵਾਏ ਜਾਣ, ਤਾਂ ਜੋ ਇਸ ਪਲਾਂਟ ਨੂੰ ਸ਼ਿਫਟ ਕੀਤਾ ਜਾ ਸਕੇ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।